# ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ: ਕਾਮੁਕ ਰੁਚੀ 'ਤੇ ਆਧਾਰਿਤ ਵਿਤਕਰਾ

BRITISH COLUMBIA

ਇਹ ਤੱਥ ਸ਼ੀਟ ਬੀ ਸੀ ਵਿਚ ਕਾਮੁਕ ਰੁਚੀ 'ਤੇ ਆਧਾਰਿਤ ਵਿਤਕਰੇ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਨਾਲ ਸੰਪਰਕ ਕਰੋ। ਸੰਪਰਕ ਕਰਨ ਬਾਰੇ ਜਾਣਕਾਰੀ ਇਸ ਤੱਥ ਸ਼ੀਟ ਦੇ ਅੰਤ 'ਤੇ ਦਿੱਤੀ ਗਈ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕਾਂ ਦੀ ਰੱਖਿਆ ਅਤੇ ਹਿਮਾਇਤ ਕਰਨ ਲਈ ਕਾਨੂੰਨ ਹੈ। ਇਸ ਨੂੰ *ਬੀ ਸੀ ਹਿਊਮਨ ਰਾਈਟਸ ਕੋਡ* ਜਾਂ *ਕੋਡ* ਆਖਿਆ ਜਾਂਦਾ ਹੈ। *ਕੋਡ* ਤੁਹਾਡੀ ਕਾਮੁਕ ਰੁਚੀ ਕਰਕੇ ਤੁਹਾਡੇ ਨਾਲ ਕੀਤੇ ਜਾਣ ਵਾਲੇ ਬੁਰੇ ਵਰਤਾਉ ਜਾਂ ਤੁਹਾਨੂੰ ਕਿਸੇ ਫਾਇਦੇ ਤੋਂ ਨਾਂਹ ਕੀਤੇ ਜਾਣ ਤੋਂ ਤੁਹਾਡੀ ਰੱਖਿਆ ਕਰਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਤਾਂ ਇਹ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਸ਼ਿਕਾਇਤ ਕਰਨ ਦੀ ਆਗਿਆ ਦਿੰਦਾ ਹੈ।

*ਕੋਡ* ਕਾਮੁਕ ਰੁਚੀ 'ਤੇ ਆਧਾਰਿਤ ਵਿਤਕਰੇ ਤੋਂ ਸਾਰੇ ਬ੍ਰਿਟਿਸ਼ ਕੋਲੰਬੀਅਨਾਂ ਦੀ ਰੱਖਿਆ ਕਰਦਾ ਹੈ ਭਾਵੇਂ ਉਹ ਗੇਅ, ਲੈਜ਼ਬੀਅਨ, ਬਾਇਸੈਕਸੂਅਲ, ਜਾਂ ਹੈਟਰੋਸੈਕਸੂਅਲ ਹੋਣ। *ਕੋਡ* ਅਧੀਨ ਟ੍ਰਾਂਸਜੈਂਡਰ ਲੋਕ ਵੀ ਆਪਣੇ ਸੈਕਸ ਜਾਂ ਲਿੰਗ ਪਛਾਣ 'ਤੇ ਆਧਾਰਿਤ ਵਿਤਕਰੇ ਤੋਂ ਸੁਰੱਖਿਅਤ ਹਨ। ਇਸ ਬਾਰੇ ਜ਼ਿਆਦਾ ਜਾਣਕਾਰੀ ਲਈ ਤੱਥ ਸ਼ੀਟ **ਸੈਕਸ ਵਿਤਕਰਾ ਅਤੇ ਕਾਮੁਕ ਪਰੇਸ਼ਾਨੀ** ਦੇਖੋ।

ਜੇ ਤੁਸੀਂ ਕੋਈ ਸ਼ਿਕਾਇਤ ਕਰਦੇ ਹੋ, ਜਾਂ ਸ਼ਿਕਾਇਤ ਕਰਨ ਬਾਰੇ ਸੋਚ ਰਹੇ ਹੋ ਜਾਂ ਕਿਸੇ ਹੋਰ ਤਰੀਕੇ ਨਾਲ ਇਸ ਵਿਚ ਸ਼ਾਮਲ ਹੋ ਤਾਂ *ਕੋਡ* **ਬਦਲਾ** ਲਏ ਜਾਣ ਤੋਂ ਵੀ ਤੁਹਾਡੀ ਰੱਖਿਆ ਕਰਦਾ ਹੈ। ਜਦੋਂ ਕੋਈ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਜਾਂ ਤੁਹਾਨੂੰ ਸਬਕ ਸਿਖਾਉਂਦਾ ਹੈ ਤਾਂ ਇਹ **ਬਦਲਾ** ਹੈ।

## ਕਾਮੁਕ ਰੁਚੀ 'ਤੇ ਆਧਾਰਿਤ ਵਿਤਕਰਾ ਕੀ ਹੈ?

ਕਾਮੁਕ ਰੁਚੀ 'ਤੇ ਆਧਾਰਿਤ ਵਿਤਕਰਾ, ਕਿਸੇ ਨਾਲ ਇਸ ਕਰਕੇ ਬੁਰਾ ਵਰਤਾਉ ਕਰਨਾ ਜਾਂ ਕਿਸੇ ਨੂੰ ਕੋਈ ਫਾਇਦਾ ਦੇਣ ਤੋਂ ਨਾਂਹ ਕਰਨਾ ਹੈ ਕਿਉਂਕਿ ਉਹ ਗੇਅ, ਲੈਜ਼ਬੀਅਨ, ਬਾਇਸੈਕਸੂਅਲ, ਜਾਂ ਹੈਟਰੋਸੈਕਸੂਅਲ ਹੈ।

ਇਹ ਕਈ ਤਰੀਕਿਆਂ ਨਾਲ ਹੋ ਸਕਦਾ ਹੈ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਬਦਤਮੀਜ਼ੀ ਕਰਨਾ ਜਾਂ ਧਮਕੀਆਂ ਦੇਣਾ
- ਅਣਚਾਹੀਆਂ ਟਿੱਪਣੀਆਂ ਕਰਨਾ, ਅਪਮਾਨ ਕਰਨ ਵਾਲੇ ਚੁਟਕਲੇ ਸਣਾਉਣਾ, ਜਾਂ ਗਾਲਾਂ ਕੱਢਣਾ
- ਕੋਈ ਸਰਵਿਸ ਦੇਣ ਤੋਂ ਨਾਂਹ ਕਰਨਾ
- ਕਿਸੇ ਨੂੰ ਕੰਮ 'ਤੇ ਨਾ ਰੱਖਣਾ ਜਾਂ ਤਰੱਕੀ ਨਾ ਦੇਣਾ
- ਅਜਿਹੀਆਂ ਲਿਖਤਾਂ ਜਾਂ ਪ੍ਰਦਰਸ਼ਨੀਆਂ ਜਿਹੜੀਆਂ ਲੋਕਾਂ ਨਾਲ ਉਨ੍ਹਾਂ ਦੀ ਕਾਮੁਕ ਰੁਚੀ ਨੂੰ ਆਧਾਰ ਬਣਾ ਕੇ ਨਫਰਤ ਦਾ ਪ੍ਰਗਟਾਵਾ ਕਰਦੀਆਂ ਹੋਣ

### ਕਾਮੁਕ ਰੁਚੀ 'ਤੇ ਆਧਾਰਿਤ ਵਿਤਕਰੇ ਦੀਆਂ ਉਦਾਹਰਣਾਂ:

- ਇਕ ਔਰਤ ਅਤੇ ਉਸ ਦੀ ਸੇਮ-ਸੈਕਸ ਪਾਰਟਨਰ ਕਿਰਾਏ ਲਈ ਅਪਾਰਟਮੈਂਟ ਦੇਖਣ ਜਾਂਦੀਆਂ ਹਨ। ਜਦੋਂ ਉਹ ਅਪਾਰਟਮੈਂਟ ਦੇਖਣ ਲਈ ਪਹੁੰਚਦੀਆਂ ਹਨ ਤਾਂ ਲੈਂਡਲਾਰਡ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਲੈਜ਼ਬੀਅਨ ਹਨ ਅਤੇ ਉਹ ਉਨ੍ਹਾਂ ਨੂੰ ਕਹਿੰਦਾ ਹੈ: "ਮੈਂ ਨਹੀਂ ਚਾਹੁੰਦਾ ਕਿ ਤੁਹਾਡੇ ਵਰਗੇ ਲੋਕ ਇੱਥੇ ਰਹਿਣ ਕਿਉਂਕਿ ਇਹ ਇਸ ਤਰ੍ਹਾਂ ਦੀ ਬਿਲਡਿੰਗ ਹੈ ਜਿੱਥੇ ਸਾਡੀਆਂ ਰਵਾਇਤੀ ਕਦਰਾਂ-ਕੀਮਤਾਂ ਹਨ।"
- ਇਕ ਗੇਅ ਮਰਦ ਆਪਣੇ ਭਰੋਸੇਯੋਗ ਸਾਥੀ ਵਰਕਰ ਨੂੰ ਦੱਸਦਾ ਹੈ ਕਿ ਉਹ ਗੇਅ ਹੈ। ਬਾਅਦ ਵਿਚ, ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦਾ ਨਾਂ ਕੰਮ ਵਾਲੀ ਥਾਂ ਦੇ ਵਾਸ਼ਰੂਮ ਦੀ ਕੰਧ 'ਤੇ ਸਮਲਿੰਗੀਆਂ ਦਾ ਅਪਮਾਨ ਕਰਨ ਵਾਲੀ ਗਰੈਫਿਟੀ ਵਿਚ ਲਿਖਿਆ ਹੋਇਆ ਹੈ।
- ਕੋਈ ਸਕੂਲ ਬੋਰਡ ਕਲਾਸ ਵਿਚ ਉਨ੍ਹਾਂ ਕਿਤਾਬਾਂ 'ਤੇ ਪਾਬੰਦੀ ਲਾਉਂਦਾ ਹੈ ਜਿਹੜੀਆਂ ਸੇਮ-ਸੈਕਸ ਦੇ ਮਾਪਿਆਂ ਵਾਲੇ ਪਰਿਵਾਰਾਂ ਨੂੰ ਦਿਖਾਉਂਦੀਆਂ ਹਨ।
- ਕੋਈ ਕੰਮ-ਮਾਲਕ ਕਿਸੇ ਮੁਲਾਜ਼ਮ ਦੇ ਸੇਮ-ਸੈਕਸ ਪਾਰਟਨਰ ਨੂੰ ਡੈਂਟਲ ਅਤੇ ਮੈਡੀਕਲ ਬੈਨੇਫਿਟਸ ਦੇਣ ਤੋਂ ਨਾਂਹ ਕਰਦਾ ਹੈ।

## ✱ ਮੈਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਮੇਰੀ ਮਨੁੱਖੀ ਹੱਕਾਂ ਦੀ ਸ਼ਿਕਾਇਤ ਬਣਦੀ ਹੈ?

*ਬੀ ਸੀ ਹਿਊਮਨ ਰਾਈਟਸ ਕੋਡ* ਹੇਠ ਸ਼ਿਕਾਇਤ ਕਰਨ ਲਈ, **ਅੱਗੇ ਲਿਖੇ ਸਾਰਿਆਂ** ਦਾ ਸੱਚ ਹੋਣਾ ਜ਼ਰੂਰੀ ਹੈ:

- ✔ ਤੁਹਾਡੇ ਨਾਲ ਬੁਰਾ ਵਰਤਾਉ ਕੀਤਾ ਗਿਆ ਹੈ ਜਾਂ ਤੁਹਾਨੂੰ ਕਿਸੇ ਫਾਇਦੇ ਤੋਂ ਨਾਂਹ ਕੀਤੀ ਗਈ ਹੈ।
- ✔ ਤੁਹਾਡੇ ਨਾਲ ਵਰਤਾਉ ਕਰਨ ਦੇ ਤਰੀਕੇ (ਮਾੜੀ ਤਰ੍ਹਾਂ ਦਾ ਵਰਤਾਅ ਜਾਂ ਕਿਸੇ ਫਾਇਦੇ ਤੋਂ ਨਾਂਹ) ਅਤੇ ਤੁਹਾਡੀ ਕਾਮੁਕ ਰੁਚੀ ਵਿਚਕਾਰ ਸੰਬੰਧ ਹੈ।
- ✔ ਇਹ ਵਰਤਾਉ ਅੱਗੇ ਦਿੱਤੀ ਕਿਸੇ ਹਾਲਤ ਵਿਚ ਹੋਇਆ ਹੈ ਜਿਵੇਂ ਕਿ ਕੰਮ ’ਤੇ, ਸਟੋਰ ਜਾਂ ਰੈਸਟੋਰੈਂਟ ਵਿਚ, ਜਾਂ ਲੈਂਡਲਾਰਡ ਅਤੇ ਕਿਰਾਏਦਾਰ ਵਿਚਕਾਰ।

ਤੁਹਾਡੇ ਲਈ ਆਪਣੀ ਸ਼ਿਕਾਇਤ ਘਟਨਾ ਦੇ ਵਾਪਰਨ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਕਰਨਾ ਜ਼ਰੂਰੀ ਹੈ। (ਨੋਟ: ਸਮੇਂ ਦੀ ਇਸ ਸੀਮਾ ਵਿਚ ਕੁਝ ਛੋਟਾਂ ਹਨ।) ਸ਼ਿਕਾਇਤ ਦਰਜ ਕਰਵਾਉਣ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਹੁੰਦੀ ਹੈ ਜਿਹੜੀ ਕਿ ਅਦਾਲਤ ਦੀ ਕਾਰਵਾਈ ਵਾਂਗ ਹੀ ਹੁੰਦੀ ਹੈ। ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ ਨੂੰ **ਸ਼ਿਕਾਇਤਕਰਤਾ (ਕਮਪਲੇਨੈਂਟ)** ਆਖਿਆ ਜਾਂਦਾ ਹੈ।

ਬੀ ਸੀ ਵਿਚ ਮਨੁੱਖੀ ਹੱਕਾਂ ਬਾਰੇ ਸੰਖੇਪ ਜਾਣਨ ਲਈ ਕਿਰਪਾ ਕਰਕੇ ਤੱਥ ਸ਼ੀਟ ***ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ: ਤੁਹਾਨੂੰ ਕੀ ਜਾਣਨ ਦੀ ਲੋੜ ਹੈ*** ਦੇਖੋ।

## ✱ ਮੈਂ ਮਦਦ ਕਿੱਥੋਂ ਲੈ ਸਕਦਾ/ਸਕਦੀ ਹਾਂ?

**ਸ਼ਿਕਾਇਤਕਰਤਾ** ਸੂਬੇ ਭਰ ਵਿਚ ਕਿਤਿਉਂ ਵੀ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਰਾਹੀਂ ਜਾਣਕਾਰੀ ਲੈ ਸਕਦੇ ਹਨ। ਕਲੀਨਿਕ ਵਿਚਲੇ ਲੋਕ *ਹਿਊਮਨ ਰਾਈਟਸ ਕੋਡ* ਨੂੰ ਸਮਝਣ ਜਾਂ ਸੂਬਾਈ ਮਨੁੱਖੀ ਹੱਕਾਂ ਦੀ ਸ਼ਿਕਾਇਤ ਨਾਲ ਸਿੱਝਣ ਵਿਚ ਮਦਦ ਕਰ ਸਕਦੇ ਹਨ। ਤੁਸੀਂ ਹੋਰ ਕਿਸਮਾਂ ਦੀਆਂ ਸੇਵਾਵਾਂ ਲੈਣ ਦੇ ਯੋਗ ਵੀ ਹੋ ਸਕਦੇ ਹੋ। ਇਹ ਪਤਾ ਲਾਉਣ ਲਈ ਕਲੀਨਿਕ ਵਿਖੇ ਕਿਸੇ ਨਾਲ ਗੱਲ ਕਰੋ ਕਿ ਕੀ ਤੁਸੀਂ ਯੋਗ ਹੋ।

### BC Human Rights Clinic

300-1140 West Pender Street, Vancouver, B.C. V6E 4G1
ਟੈਲੀਫੋਨ: 604 622-1100   ਦੂਰੋਂ ਮੁਫਤ: 1 855 685-6222
ਫੈਕਸ: 604 685-7611
ਔਨਲਾਈਨ: www.BCHRC.net

ਜੇ ਕਿਸੇ ਨੇ ਤੁਹਾਡੇ ਵਿਰੁੱਧ ਸ਼ਿਕਾਇਤ ਕੀਤੀ ਹੈ ਤਾਂ ਤੁਸੀਂ **ਉੱਤਰਦਾਤਾ (ਰਿਸਪੌਂਡੈਂਟ)** ਹੋ। **ਉੱਤਰਦਾਤਾ** ਸੂਬੇ ਵਿਚ ਕਿਤਿਉਂ ਵੀ ਅਤੇ ਵਿਕਟੋਰੀਆ ਏਰੀਏ ਦੇ **ਸ਼ਿਕਾਇਤਕਰਤਾ** ਇੱਥੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹਨ:

### University of Victoria

Law Centre Clinical Law Program
Suite 225 – 850 Burdett Avenue, Victoria, B.C. V8W 1B4
ਟੈਲੀਫੋਨ: 250 385-1221   ਦੂਰੋਂ ਮੁਫਤ: 1 866 385-1221
ਈ-ਮੇਲ: reception@thelawcentre.ca

ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਭੇਜਿਆ ਜਾ ਸਕਦਾ ਹੈ।

### BC Human Rights Tribunal

Suite 1170 – 605 Robson Street, Vancouver, B.C. V6B 5J3
ਟੈਲੀਫੋਨ: 604 775-2000   ਦੂਰੋਂ ਮੁਫਤ: 1 888 440-8844
ਟੀ ਟੀ ਵਾਈ (ਬੋਲ਼ਿਆਂ ਲਈ): 604 775-2021
ਔਨਲਾਈਨ: www.bchrt.gov.bc.ca

*ਇਸ ਜਾਣਕਾਰੀ ਸ਼ੀਟ ਦਾ ਮੰਤਵ ਸਿਰਫ ਆਮ ਜਾਣਕਾਰੀ ਦੇਣਾ ਹੈ। ਇਸ ਦਾ ਮੰਤਵ ਕਾਨੂੰਨੀ ਸਲਾਹ ਦੇਣਾ ਜਾਂ ਕਾਨੂੰਨੀ ਸਲਾਹ ਦਾ ਬਦਲ ਬਣਨਾ ਨਹੀਂ ਹੈ।*